# Telephone Conversation between PM and President of the Republic of Uganda

April 09, 2020

## ਪ੍ਰਧਾਨ ਮੰਤਰੀ ਅਤੇ ਯੂਗਾਂਡਾ ਗਣਤੰਤਰ ਦੇ ਰਾਸ਼ਟਰਪਤੀ ਦਰਮਿਆਨ ਟੈਲੀਫੋਨ 'ਤੇ ਗੱਲਬਾਤ

09 ਅਪ੍ਰੈਲ, 2020

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅੱਜ ਯੂਗਾਂਡਾ ਗਣਤੰਤਰ ਦੇ ਰਾਸ਼ਟਰਪਤੀ ਮਹਾਮਹਿਮ ਯੋਵੇਰੀ ਕਾਗੁਟਾ ਮੁਸੇਵਾਨੀ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਦੋਨਾਂ ਆਗੂਆਂ ਨੇ ਕੋਵਿਡ -19 ਮਹਾਂਮਾਰੀ ਤੋਂ ਪੈਦਾ ਹੋਈਆਂ ਸਿਹਤ ਸੰਬੰਧੀ ਅਤੇ ਆਰਥਿਕ ਚੁਣੌਤੀਆਂ ਬਾਰੇ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਮਹਾਮਹਿਮ ਯੋਵੇਰੀ ਕਾਗੁਟਾ ਮੁਸੇਵਾਨੀ ਨੂੰ ਭਰੋਸਾ ਦਿੱਤਾ ਕਿ ਮੌਜੂਦਾ ਸਿਹਤ ਸੰਕਟ ਦੌਰਾਨ ਭਾਰਤ ਆਪਣੇ ਅਫਰੀਕੀ ਦੋਸਤਾਂ ਨਾਲ ਇੱਕਜੁਟ ਹੋ ਕੇ ਖੜ੍ਹਾ ਹੈ ਅਤੇ ਉਹ ਯੂਗਾਂਡਾ ਸਰਕਾਰ ਵੱਲੋਂ ਆਪਣੇ ਇਲਾਕੇ ਅੰਦਰ ਇਸ ਵਾਇਰਸ ਦੇ ਪ੍ਰਸਾਰ ਦੀ ਰੋਕਥਾਮ ਕਰਨ ਲਈ ਹਰ ਮੁਮਕਿਨ ਮਦਦ ਦੇਵੇਗਾ।

ਪ੍ਰਧਾਨ ਮੰਤਰੀ ਨੇ ਯੁਗਾਂਡਾ ਦੀ ਮੇਜ਼ਬਾਨ ਸਰਕਾਰ ਅਤੇ ਉਥੋਂ ਦੇ ਸਮਾਜ ਵੱਲੋਂ ਯੂਗਾਂਡਾ ਵਿੱਚ ਰਹਿ ਰਹੇ ਭਾਰਤੀ ਪ੍ਰਵਾਸੀਆਂ ਪ੍ਰਤੀ ਵਿਖਾਈ ਗਈ ਸੁਹਿਰਦਤਾ ਅਤੇ ਦੇਖਭਾਲ, ਜਿਸ ਵਿੱਚ ਮੌਜੂਦਾ ਸਮਾਂ ਵੀ ਸ਼ਾਮਲ ਹੈ, ਲਈ ਆਪਣੀ ਸ਼ਲਾਘਾ ਦਾ ਇਜ਼ਹਾਰ ਕੀਤਾ।

ਪ੍ਰਧਾਨ ਮੰਤਰੀ ਨੇ ਜੁਲਾਈ, 2018 ਵਿੱਚ ਕੀਤੀ ਆਪਣੀ ਯੂਗਾਂਡਾ ਯਾਤਰਾ ਨੂੰ ਨਿੱਘੇ ਤਰੀਕੇ ਨਾਲ ਯਾਦ ਕੀਤਾ ਅਤੇ ਭਾਰਤ-ਯੂਗਾਂਡਾ ਸਬੰਧਾਂ ਦੇ ਵਿਸ਼ੇਸ਼ ਸੁਭਾਅ ਦੀ ਗੱਲ ਕੀਤੀ।

ਦੋਵਾਂ ਨੇਤਾਵਾਂ ਨੇ ਸਾਂਝੇ ਤੌਰ 'ਤੇ ਆਸ ਪ੍ਰਗਟਾਈ ਕਿ ਦੁਨੀਆ ਜਲਦੀ ਹੀ ਕੋਵਿਡ -19 ਚੁਣੌਤੀ ਉੱਤੇ ਕਾਬੂ ਪਾ ਲਵੇਗੀ।

ਨਵੀਂ ਦਿੱਲੀ
09 ਅਪ੍ਰੈਲ, 2020

DISCLAIMER: This is an approximate translation. The original is available in English on MEA's website and may be referred to as the official press release.